ਪੰਜਾਬੀ ਪ੍ਰਕਾਸ਼ਨ

॥ ੧ੴ ਸਤਿਗੁਰ ਪ੍ਰਸਾਦਿ ॥

# ਗੁਰਮਤਿ ਸਟੱਡੀ

Gurmat Study

ਮਾਸਿਕ ਈ-ਜ਼ਾਇਨ : ਅੰਕ ੩, ਸਾਲ ੧ | ਨਵੰਬਰ ੨੦੦੬ | ਕੱਤਕ-ਮੱਘਰ ਸੰਮਤ ਨਾਨਕਸ਼ਾਹੀ ੫੩੮

## ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ

**੧ ਨਵੰਬਰ**
ਜਨਮ
ਮਾਤਾ ਸਾਹਿਬ ਕੌਰ ਜੀ

**੨ ਨਵੰਬਰ**
ਜਨਮ
ਭਗਤ ਨਾਮਦੇਵ ਜੀ

**੫ ਨਵੰਬਰ**
ਪ੍ਰਕਾਸ਼ ਉਤਸਵ
ਗੁਰੂ ਨਾਨਕ ਦੇਵ ਸਾਹਿਬ

**੧੩ ਨਵੰਬਰ**
ਸ਼ਹੀਦੀ
ਬਾਬਾ ਦੀਪ ਸਿੰਘ ਜੀ

**੧੪ ਨਵੰਬਰ**
ਸਥਾਪਨਾ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

**੨੪ ਨਵੰਬਰ**
ਸ਼ਹੀਦੀ
ਭਾਈ ਮਤੀ ਦਾਸ ਜੀ,
ਭਾਈ ਦਿਆਲਾ ਜੀ,
ਭਾਈ ਸਤੀ ਦਾਸ ਜੀ,
ਗੁਰੂ ਤੇਗ ਬਹਾਦਰ ਸਾਹਿਬ

ਗੁਰ ਗੱਦੀ ਦਿਵਸ
ਗੁਰੂ ਗੋਬਿੰਦ ਸਿੰਘ ਸਾਹਿਬ

**੨੮ ਨਵੰਬਰ**
ਜਨਮ
ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ



ਸਲੋਕ ਵਾਰਾਂ ਤੇ ਵਧੀਕ ॥ ਮਹਲਾ ੧ ॥

**ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥**
**ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥** (ਅੰਗ ੧੪੧੨)

ਹੇ ਭਾਈ! ਜੇ ਤੈਨੂੰ (ਪ੍ਰਭੂ-ਪ੍ਰੇਮ ਦੀ) ਖੇਡ ਖੇਡਣ ਦਾ ਸ਼ੌਕ ਹੈ, ਤਾਂ (ਆਪਣਾ) ਸਿਰ ਤਲੀ ਤੇ ਰੱਖ ਕੇ ਮੇਰੀ ਗਲੀ ਵਿਚ ਆ (ਲੋਕ-ਲਾਜ ਛੱਡ ਕੇ ਹਉਮੈ ਦੂਰ ਕਰ ਕੇ ਆ)। (ਪ੍ਰਭੂ-ਪ੍ਰੀਤ ਦੇ) ਇਸ ਰਸਤੇ ਉੱਤੇ (ਤਦੋਂ ਹੀ) ਪੈਰ ਧਰਿਆ ਜਾ ਸਕਦਾ ਹੈ (ਜਦੋਂ) ਸਿਰ ਭੇਟਾ ਕੀਤਾ ਜਾਏ, ਅਤੇ ਕੋਈ ਝਿਜਕ ਨਾਂ ਕੀਤੀ ਜਾਏ (ਜਦੋਂ ਬਿਨਾ ਕਿਸੇ ਝਿਜਕ - ਲੋਕ-ਲਾਜ ਅਤੇ ਹਉਮੈ ਛੱਡੀ ਜਾਏ )॥੨੦॥

## ਗੁਰੂ ਨਾਨਕ ਦੇਵ ਸਾਹਿਬ - ਜੀਵਨ ਸੰਖੇਪ

| | |
|---|---|
| ਜਨਮ | : ਕੱਤਕ ਦੀ ਪੂਰਨਮਾਸ਼ੀ ਬਿਕ੍ਰਮੀ ਸੰਮਤ ੧੫੨੬ (ਨਵੰਬਰ ੧੪੬੯ ਈ:) |
| ਜਨਮ ਸਥਾਨ | : ਰਾਇਭੋਇ ਦੀ ਤਲਵੰਡੀ ਜ਼ਿਲ੍ਹਾ ਸ਼ੇਖੂ ਪੁਰਾ (ਨਨਕਾਣਾ ਸਾਹਿਬ - ਪਾਕਿਸਤਾਨ) |
| ਪਿਤਾ ਦਾ ਨਾਮ | : ਮਹਿਤਾ ਕਲਿਆਣ ਦਾਸ ਜੀ |
| ਮਾਤਾ ਦਾ ਨਾਮ | : ਮਾਤਾ ਤ੍ਰਿਪਤਾ ਜੀ |
| ਭੈਣ | : ਬੀਬੀ ਨਾਨਕੀ ਜੀ |
| ਸੁਪਤਨੀ | : ਬੀਬੀ ਸੁਲੱਖਣੀ ਜੀ |
| ਸੰਤਾਨ | : ਬਾਬਾ ਸ਼੍ਰੀ ਚੰਦ ਜੀ ਅਤੇ ਬਾਬਾ ਲਖਮੀ ਦਾਸ ਜੀ |
| ਪਹਿਲਾ ਉਪਦੇਸ਼ | : ਨਾ ਕੋਈ ਹਿੰਦੂ ਹੈ ਨਾ ਕੋਈ ਮੁਸਲਮਾਨ ਹੈ ਅਸੀ ਤਾਂ ਸਾਰੇ ਪਰਮਾਤਮਾ ਦੀ ਸੰਤਾਨ ਹਾਂ |
| ਉਦਾਸੀਆਂ | : ਸੰਸਾਰ ਨੂੰ ਸੱਚ ਦਾ ਮਾਰਗ ਦਰਸਾਉਣ ਲਈ ਗੁਰੂ ਸਾਹਿਬ ਨੇ ਚਾਰ ਉਦਾਸੀਆਂ ਲਗਾਈਆਂ (ਭਾਵ ਚਾਰ ਮਹਾਨ ਯਾਤਰਾਵਾਂ ਕੀਤੀਆਂ) ਅਤੇ ਪੂਰੇ ਭਾਰਤ, ਸ਼੍ਰੀ ਲੰਕਾ, ਨੇਪਾਲ, ਭੂਟਾਨ, ਚੀਨ, ਮੱਕਾ (ਸਾਉਦੀ ਅਰਬ ਦੇਸ਼ ), ਈਰਾਨ, ਈਰਾਕ, ਅਫਗਾਨਿਸਤਾਨ ਆਦਿ ਦੇਸ਼ਾਂ ਦਾ ਚੱਕਰ ਲਗਾਇਆ। |
| ਬਾਣੀ | : ਗੁਰੂ ਸਾਹਿਬ ੧੯ ਰਾਗਾਂ ਵਿਚ ਬਾਣੀ ਉਚਾਰੀ ਹੈ । ਰਾਗ ਇਹ ਹਨ - ਸ਼੍ਰੀ ਰਾਗ, ਮਾਝ, ਗਾਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮ ਕਲੀ, ਮਾਰੂ, ਤੁਖਾਰੀ, ਭੇਰਉ, ਬਸੰਤ, ਸਾਰੰਗ, ਮਲਾਰ, ਪ੍ਰਭਾਤੀ ।ਗੁਰੂ ਸਾਹਿਬ ਦੀ ਰਚਨਾ ਵਿਚ ਜਪੁ ਬਾਣੀ ਰਾਗ ਰਹਿਤ ਹੈ । |
| ਪਵਿੱਤਰ ਉਪਦੇਸ਼ | : ਕਿਰਤ ਕਰਨੀ, ਨਾਮ ਜਪਣਾ, ਵੰਡ ਕੇ ਛੱਕਣਾਂ, ਸਾਰੀ ਦੁਨੀਆਂ ਇਕ ਪਰਮਾਤਮਾ ਦਾ ਨੂਰ ਹੈ, ਕੋਈ ਉੱਚਾ ਨਹੀ ਹੈ ਤੇ ਕੋਈ ਨੀਵਾਂ ਨਹੀ ਹੈ।ਮਨੁੱਖਾ ਦੀ ਕੀਤੀ ਸੇਵਾ ਹੀ ਮਨੁੱਖੀ ਜੀਵਨ ਦੀ ਮਹਾਨਤਾ ਹੈ। |
| ਸ਼ਹਿਰ ਵਸਾਇਆ | : ਸੰਨ ੧੫੦੪ ਈ:, ਕਰਤਾਰਪੁਰ, ਰਾਵੀ ਦਰਿਆ ਦੇ ਕੰਡੇ (ਹੁਣ ਪਾਕਿਸਤਾਨ ਵਿੱਚ ਹੈ) |
| ਉਤਰਾ ਅਧਿਕਾਰੀ ਦੀ ਚੋਣ | : 'ਥਾਪਿਆ ਲਹਿਣਾ ਜੀਵਦੇ' ਗੁਰੂ ਨਾਨਕ ਸਾਹਿਬ ਨੇ ਭਾਈ ਲਹਿਣਾ ਜੀ ਨੂੰ ਗੁਰੂ ਅੰਗਦ ਦੇਵ ਨਾਮ ਦੇ ਕੇ ਦੂਸਰਾ ਪਾਤਸ਼ਾਹ ਥਾਪਿਆ । |
| ਜੋਤੀ ਜੋਤ | : ੨੩ ਅੱਸੂ ਬਿਕ੍ਰਮੀ ਸੰਮਤ ੧੫੯੬ (ਸਤੰਬਰ ੨੨, ੧੫੩੯ ਈ:) ਕਰਤਾਰਪੁਰ (ਰਾਵੀ) ਵਿਖੇ ਜੋਤੀ ਜੋਤ ਸਮਾਏ। |

**ਜਰੂਰੀ ਬੇਨਤੀ:**

ਜੇ ਆਪ ਜੀ ਕੋਲ ਇਸ ਦੀ ਪ੍ਰਿੰਟ ਕਾਪੀ ਹੈ ਤਾਂ ਇਸ ਨੂੰ ਆਦਰ ਸਤਿਕਾਰ ਨਾਲ ਰਖਣਾ, ਇਸ ਵਿਚ ਗੁਰਬਾਣੀ ਹੈ, ਕ੍ਰਿਪਾ ਕਰਕੇ ਇਸ ਨੂੰ ਫਾੜਨਾ - ਸੁਟਣਾ ਨਹੀ ।

# ਗੁਰੂ ਨਾਨਕ ਦੇਵ ਸਾਹਿਬ - ਉਪਦੇਸ਼




ਗੁਰੂ ਨਾਨਕ ਦੇਵ ਸਾਹਿਬ ਨੇ ਆਪਣੇ ਨਵੇਕਲੇ ਕ੍ਰਾਂਤੀਕਾਰੀ ਵਿਚਾਰਾਂ ਨਾਲ ਸਾਰੇ ਮਨੁਖਾਂ ਵਿੱਚ ਇੱਕ ਨਵੀਂ ਤਰੰਗ ਪੈਦਾ ਕੀਤੀ ਅਤੇ ਸਮਪੂਰਣ ਮਾਨਵ ਜਾਤੀ ਨੂੰ ਇਕ ਉੱਚਾ ਤੇ ਸੁੱਚਜਾ ਜੀਵਨ ਜੀਉਣ ਦੀ ਪ੍ਰੇਰਨਾ ਦਿਤੀ । ਆਪਜੀ ਨੇ ਮਨੁਖ ਨੂੰ ਵਾਹਿਗੁਰੂ ਦੇ ਭਾਣੇ ਵਿਚ ਰਹਿ ਕੇ, ਮਾਹੌਲ ਦੇ ਅਨੁਕੂਲ, ਸੰਜਮੀ ਜੀਵਨ ਜੀਉਣ ਦੀ ਜਾਚ ਸਿਖਾਈ । ਆਪਜੀ ਨੇ ਇਨਸਾਨ ਨੂੰ ਆਪਣੇ ਆਪ ਨੂੰ ਖੋਜਣ ਲਈ ਪ੍ਰੇਰਿਤ ਕੀਤਾ -

- ਮੈਂ ਕੋਣ ਹਾਂ ?
- ਮੈਂ ਕਿਥੋਂ ਆਇਆ ਹਾਂ ਤੇ ਮੈਨੂੰ ਕਿਸਨੇ ਭੇਜਿਆ ਹੈ ?
- ਮੈਂ ਇਥੇ ਕਿਉਂ ਹਾਂ ?
- ਮੈਂ ਕਿਥੇ ਤੇ ਕਿਉਂ ਜਾਣਾ ਹੈ ?
- ਕਿ ਮੈਂ ਗਲਤ ਰਸਤੇ ਤੋਂ ਸਹੀ ਰਸਤੇ ਤੇ ਆ ਸਕਦਾ ਹਾਂ, ਜੇ ਹਾਂ ਤਾਂ ਕਿਵੇਂ ?

**ਗੁਰੂ ਸਾਹਿਬ ਨੇ ਸਾਨੂੰ ਸਿਖਾਇਆ :**

- ਜਿੰਦਗੀ ਦੇ ਹਰ ਹਾਲਾਤ ਅਤੇ ਸਮੇਂ ਵਿੱਚ ਆਪਣੇ ਆਪ ਨੂੰ ਅੱਟਲ ਸੱਚਾਈ ਤੇ ਅਸਲੀਅਤ (ਇਕ ਅਕਾਲ ਪੁਰਖ) ਨਾਲ ਜੋੜੀ ਰਖਣਾ।
- ਅਮਲੀ ਤੌਰ ਤੇ ਗੁਰਮੁਖੀ ਜੀਵਨ ਜੀ ਕੇ ਅਕਾਲ ਪੁਰਖ ਨਾਲ ਏਕਤਾ ਹਾਸਿਲ ਕਰਨੀ ।
- ਅਕਾਲ ਪੁਰਖ ਦੇ ਗੁਣ ਅਪਨਾ ਕੇ, ਉਸਦੀ ਦੀ ਹੋਂਦ ਮਹਿਸੂਸ ਕਰਨੀ ।

ਗੁਰੂ ਸਾਹਿਬ ਨੇ ਮਨੁਖ ਨੂੰ ਹਰ ਥਾਂ (ਭਾਵ ਸਾਰੀ ਸ੍ਰਿਸ਼ਟੀ - ਖੰਡ, ਬ੍ਰਹਿਮੰਡ ਵਿੱਚ) ਇਕ ਅਕਾਲ ਪੁਰਖ ਦੇ ਇਕ ਰਸ ਵਿਆਪਕ ਹੋਣ ਦਾ ਪੂਰਨ ਭਰੋਸਾ ਅਤੇ ਉਸ ਇਕ ਅਕਾਲ ਪੁਰਖ ਨਾਲ ਮਿਲਾਪ ਦੀ ਪੂਰਨ ਕੋਸ਼ਿਸ਼ ਦਾ ਵਚਨ ਮੰਗਿਆ, ਜਿਸ ਦੀ ਪੂਰਤੀ ਲਈ ਗੁਰ ਸਾਹਿਬ ਨੇ ਮਨੁਖ ਨੂੰ ਤਿੰਨ ਉੱਘੇ ਅਸੂਲ ਬਖਸ਼ੇ :

**ਨਾਮ ਜਪਣਾ :** ਭਾਵ ਸਿਮਰਨ ਕਰਣਾ, ਅਕਾਲ ਪੁਰਖ ਨੂੰ ਹਰ ਵੇਲੇ ਯਾਦ ਰਖਣਾ, ਜਿਸ ਨਾਲ ਸੰਤੋਖ, ਸੱਚਾਈ, ਨਿਮਰਤਾ ਆਦਿ ਚੰਗੇ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ।

**ਕਿਰਤ ਕਰਣੀ :** ਭਾਵ ਧਰਮ ਦੀ ਕਿਰਤ ਕਰਣੀ, ਇਮਾਨਦਾਰੀ ਅਤੇ ਨੇਕ-ਨੀਯਤੀ, ਯੋਗ ਤਰੀਕੇ ਨਾਲ ਧਨ-ਪਦਾਰਥ ਕਮਾਉਣਾ ਜੋ ਗੁਲਾਮੀ ਅਤੇ ਬੇਇਨਸਾਫੀ ਵਾਲੇ ਜੀਵਨ ਤੋਂ ਮੁਕਤ ਕਰਾਉਂਦੀ ਹੈ ।

**ਵੰਡ ਛਕਣਾ :** ਭਾਵ ਦਸਵੰਧ ਕੱਢਣੀ (ਤਨ, ਮਨ, ਅਤੇ ਧਨ), ਆਪਣੀ ਧਰਮ ਦੀ ਕਮਾਈ ਨਾਲ ਕੌਮ ਅਤੇ ਧਰਮ ਦੇ ਕਾਰਜਾਂ ਵਿੱਚ ਸਾਂਝ ਕਰਨੀ, ਜਿਸ ਨਾਲ ਸਮਾਨਤਾ ਦੇ ਤੱਤ ਦੀ ਪ੍ਰਾਪਤੀ ਹੁੰਦੀ ਹੈ ।

ਸਿੱਖ ਦੇ ਜੀਵਨ ਦਾ ਮਕਸਦ ਉਸ ਅਕਾਲ ਪੁਰਖ ਦੇ ਭਾਣੇ ਵਿਚ ਰਹਣਾ ਅਤੇ ਸਦਾ ਇਹ ਯਾਦ ਰਖਣਾ ਕਿ ਸੇਵਾ ਤੇ ਬਲਿਦਾਨ ਨਾਲ ਹੀ ਅਕਾਲ ਪੁਰਖ ਦੇ ਪਿਆਰ ਤੇ ਭਗਤੀ ਦੀ ਪ੍ਰਾਪਤੀ ਹੁੰਦੀ ਹੈ:

**"ਸੱਚ ਸਭ ਤੋਂ ਵਡਾ ਹੈ, ਅਤੇ ਉਸ ਤੋਂ ਵੀ ਵਡਾ ਹੈ ਸੱਚਾ ਜੀਵਨ ਜੀਉਣਾ"**

ਗੁਰੂ ਸਾਹਿਬ ਬਾਣੀ ਵਿਚ ਉਪਦੇਸ਼ ਦਿੰਦੇ ਹਨ :

**"ਜੀਵਨ ਸਦਾ ਚੰਗੇ ਕਰਮਾਂ ਤੇ ਆਧਾਰਿਤ ਉੱਚੇ ਸੁੱਚੇ ਮਹਾਨ ਗੁਣਾਂ ਨਾਲ ਭਰਪੂਰ ਹੋਣਾ ਚਾਹੀਦਾ ਹੈ"**

**"ਪਿਆਰ, ਉਸ ਪਿਆਰੇ ਪ੍ਰੀਤਮ (ਇਕ ਅਕਾਲ ਪੁਰਖ) ਦਾ, ਧਾਰਮਿਕ ਅਨੁਭਵ ਹੈ"**

ਗੁਰੂ ਸਹਿਬ ਨੇ ਸਤਿਸੰਗਤ ਕਾਇਮ ਕਰ ਕੇ ਆਪਣੇ ਸਿੱਖਾ ਨੂੰ ਸਿੱਖਧਰਮ ਦੇ ਸਿਧਾਂਤ ਕਮਾਉਣ, ਨਿਭਾਉਣ ਅਤੇ ਉਨ੍ਹਾਂ ਉਪਰ ਪਹਿਰਾ ਦੇਣ ਲਈ ਪ੍ਰੇਰਿਤ ਕੀਤਾ । ਗੁਰੂ ਸਾਹਿਬ ਨੇ ਨਿੱਗਰ (Positive) ਅਸੂਲਾਂ ਦੇ ਆਧਾਰ ਤੇ ਇਕ ਨਵੇਂ ਸੁਚਜੇ ਸਮਾਜ ਦੀ ਸਿਰਜਨਾ ਕੀਤੀ ਜਿਸ ਵਿਚ ਮਨੁਖ ਦੀ ਆਜ਼ਾਦੀ, ਸਮਾਨਤਾ ਆਦਿ ਦੀ ਰਖਿਆ ਕੀਤੀ ਜਾਵੇ ਅਤੇ ਉਨ੍ਹਾਂ ਦੀ ਦੁਰਵਰਤੋਂ ਤੋਂ ਮਨੁਖ ਨੂੰ ਬਚਾਇਆ ਜਾਵੇ । ਆਪ ਜੀ ਮਨੁਖ ਨੂੰ ਉਸਦੇ ਮੂਲ ਅਧਿਕਾਰਾਂ ਬਾਰੇ ਜ਼ਾਗਰੂਕ ਅਤੇ ਸੁਚੇਤ ਕਰਨਾ ਚਾਹੁੰਦੇ ਸਨ । ਆਪਜੀ ਨੇ ਦੇਖਿਆ : " ਮਨੁਖ ਆਪਣੇ ਵਿਰਸੇ (ਖ਼ਜ਼ਾਨੇ) ਨੂੰ ਭੁਲ ਕੇ ਭਾਸ਼ਾ, ਪਹਿਰਾਵਾ, ਕੰਮ-ਕਾਜ ਆਦਿ ਦੇ ਵੰਡ ਵਿਚ ਰੁੱਝੇ ਹਨ"

ਆਪਜੀ ਨੇ ਅਜਿਹਾ ਨਵਾਂ ਸਮਾਜ ਬਣਾਇਆ ਜਿਸ ਵਿਚ ਸਾਰੇ ਸਮਾਜਿਕ, ਆਰਧਿਕ, ਰਾਜਨੀਤਿਕ ਅਤੇ ਮਨੋਚਿਕਿਤਸਿੱਕ ਭੇਦ ਛੱਡ ਕੇ, ਸਾਰਿਆਂ ਨੂੰ ਇਕ ਪੱਧਰ ਤੇ ਲਿਆ ਖੜਾ ਕੀਤਾ । ਆਪ ਜੀ ਨੇ ਅਜਿਹੇ **ਸੰਤ-ਸਿਪਾਹੀ** ਸਮਾਜ ਦੀ ਸਿਰਜਨਾ ਕੀਤੀ, ਜੋ ਗ੍ਰਿਹਸਤੀ ਵਿਚ ਵਿਚਰਦੇ, ਧਰਮ ਦੀ ਕਿਰਤ ਕਰਦੇ ਹੋਏ, ਇਕ ਅਕਾਲਪੁਰਖ ਦੇ ਹੁਕਮ ਵਿਚ ਸਮਾਜਿਕ ਅਤੇ ਰਾਜਨੀਤਿਕ ਸਮੱਸਿਆਵਾਂ ਸਮੇਤ ਆਪਣੇ ਫ਼ਰਜ਼ ਬਾਰੇ ਜਾਗਰੂਕ ਅਤੇ ਹਰ ਜ਼ੁਲਮ ਦੇ ਖਿਲਾਫ ਲੜਨ ਲਈ ਤਿਆਰ ਹਨ ।

ਜਰੂਰੀ ਬੇਨਤੀ:

ਜੇ ਆਪ ਜੀ ਕੋਲ ਇਸ ਦੀ ਪ੍ਰਿੰਟ ਕਾਪੀ ਹੈ ਤਾਂ ਇਸ ਨੂੰ ਆਦਰ ਸਤਿਕਾਰ ਨਾਲ ਰਖਨਾ, ਇਸ ਵਿਚ ਗੁਰਬਾਣੀ ਹੈ, ਕ੍ਰਿਪਾ ਕਰਕੇ ਇਸ ਨੂੰ ਫਾੜਨਾ - ਸੁਟਣਾ ਨਹੀ ।

# ਗੁਰੂ ਤੇਗ ਬਹਾਦਰ ਸਾਹਿਬ

ਜੋ ਮਨੁਖ ਚੰਗੇ ਕਾਰਜ ਲਈ ਆਪਣਾਂ ਆਪ ਵਾਰਦਾ ਹੈ, ਉਸਨੂੰ ਸ਼ਹੀਦ ਕਿਹਾ ਜਾਂਦਾ ਹੈ । ਗੁਰੂ ਅਰਜਨ ਦੇਵ ਸਾਹਿਬ (ਪੰਜਵੇ ਨਾਨਕ) ਨੇ ਸਿੱਖ ਧਰਮ ਦੇ ਅਸੂਲਾਂ ਦੀ ਰਖਿਆ ਵਾਸਤੇ ਆਪਣਾਂ ਬਲੀਦਾਨ ਦਿੱਤਾ । ਗੁਰੂ ਤੇਗ ਬਹਾਦਰ ਸਾਹਿਬ (ਨੌਵੇਂ ਨਾਨਕ) ਨੇ (ਕਸ਼ਮੀਰੀ ਪੰਡਤਾਂ ਦੀ ਪੁਕਾਰ ਤੇ) ਆਪਣੀ ਕੁਰਬਾਨੀ ਨਾਲ ਹਿੰਦੂ ਧਰਮ ਦੀ ਰਖਿਆ ਕੀਤੀ ਅਤੇ ਉਨ੍ਹਾਂ ਨੂੰ ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਜ਼ੁਲਮਾਂ ਤੋਂ ਬਚਾਇਆ ।

ਆਪ ਜੀ ਦਾ ਪ੍ਰਕਾਸ਼ ੧ ਅਪ੍ਰੈਲ ਸੰਨ ੧੬੨੧ ਈ: ਨੂੰ ਗੁਰੂ ਕੇ ਮਹਿਲ ਅੰਮ੍ਰਿਤਸਰ ਵਿਖੇ ਹੋਇਆ । ਆਪ ਜੀ ਗੁਰੂ ਹਰਿਗੋਬਿੰਦ ਸਾਹਿਬ (ਛੇਵੇਂ ਨਾਨਕ) ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਸਨ । ਗੁਰੂ ਹਰਿਗੋਬਿੰਦ ਸਾਹਿਬ ਜਦੋਂ ਸਿੰਘਾਂ ਸਮੇਤ ਆਪ ਜੀ ਨੂੰ ਵੇਖਣ ਆਏ ਤਾਂ ਬਚਨ ਕੀਤੇ "ਸਾਡਾ ਸਾਹਿਬਜ਼ਾਦਾ ਦਿਲੇਰ, ਤੇਗ (ਕਿਰਪਾਨ) ਦਾ ਧਨੀ ਅਤੇ ਮਹਾਨ ਕੁਰਬਾਨੀ ਦੇਵੇਗਾ" ਅਤੇ ਆਪ ਜੀ ਦਾ ਨਾਮ "ਤੇਗ ਬਹਾਦਰ" ਰਖਿਆ ਗਿਆ । ਸੰਨ ੧੬੩੪ ਈ: ਵਿਚ ਆਪ ਜੀ ਦਾ ਅਨੰਦ ਕਾਰਜ ਬਕਾਲੇ ਨਿਵਾਸੀ ਸ਼੍ਰੀ ਲਾਲ ਚੰਦ ਜੀ ਦੀ ਸਪੁੱਤਰੀ ਮਾਤਾ ਗੁਜਰੀ ਜੀ ਨਾਲ ਹੋਇਆ ਜਿੰਨ੍ਹਾਂ ਦੀ ਕੁਖੋਂ ਗੋਬਿੰਦ ਰਾਇ (ਗੁਰੂ ਗੋਬਿੰਦ ਸਿੰਘ ਸਾਹਿਬ) ਦਾ ਪ੍ਰਕਾਸ਼ ਸੰਨ ੧੬੬੬ ਈ: ਵਿਚ ਹੋਇਆ । ਆਪ ਜੀ ਨੇ ਕਰਤਾਰਪੁਰ ਵਿਖੇ ਚੌਥੀ ਜੰਗ (੨੬,੨੭,੨੮ ਅਪ੍ਰੈਲ ਸੰਨ ੧੬੩੫ ਈ:) ਵਿਚ ਆਪਣੇ ਤੇਗ ਦੇ ਜ਼ੌਹਰ ਵਿਖਾ ਕੇ ਪਿਤਾ ਸਤਿਗੁਰੂ ਦੇ ਬਚਨਾਂ ਨੂੰ ਸੱਚ ਸਾਬਤ ਕਰ ਦਿਤਾ । ਜੰਗ ਤੋਂ ਪਿਛੋਂ ਗੁਰੂ ਹਰਿਗੋਬਿੰਦ ਸਾਹਿਬ ਕੀਰਤਪੁਰ ਚਲੇ ਗਏ ਅਤੇ ਆਪ ਪਿਤਾ ਗੁਰੂ ਸਾਹਿਬ ਦੀ ਆਗਿਆ ਅਨੁਸਾਰ ਆਪਣੇ ਪਰਿਵਾਰ ਸਹਿਤ ਆਪਣੇ ਨਾਨਕੇ ਪਿੰਡ ਬਕਾਲੇ ਆ ਕੇ ਪ੍ਰਚਾਰ ਵਿਚ ਜੁਟੇ ਰਹੇ । ਪਿਤਾ ਗੁਰੂ ਹਰਿਗੋਬਿੰਦ ਸਾਹਿਬ ਨੇ ਸੰਨ ੧੬੪੪ ਈ: ਵਿਚ ਜੋਤੀ ਜੋਤ ਸਮਾਉਣ ਤੇ ਪਹਿਲਾਂ ਗੁਰਿਆਈ ਗੁਰੂ ਹਰਿਰਾਇ ਸਾਹਿਬ ਨੂੰ ਬਖਸ਼ੀ ਅਤੇ ਗੁਰੂ ਹਰਿਰਾਇ ਸਾਹਿਬ ਨੇ ਸੰਨ ੧੬੬੧ ਈ: ਵਿਚ ਗੁਰਗੱਦੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਬਖਸ਼ੀ । ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਸੰਨ ੧੬੬੪ ਈ: ਨੂੰ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਗੁਰਗੱਦੀ ਆਪ ਜੀ ਨੂੰ ਸੌਂਪਣ ਦਾ ਫੈਸਲਾ ਆਪ ਜੀ ਨੂੰ ਨਿਜੀ ਤੌਰ ਤੇ ਦਸ ਦਿਤਾ, ਜਦੋਂ ਆਪ ਗੁਰੂ ਸਾਹਿਬ ਨੂੰ ਦਿੱਲੀ ਮਿਲਣ ਆਏ ਸਨ । ਇਥੋਂ ਆਪ ਜੀ ਵਾਪਸ ਬਕਾਲੇ ਆ ਗਏ ।

ਆਪ ਜੀ ਨੇ ਕਹਿਲੂਰ ਦੇ ਰਾਜੇ ਦੀਪ ਚੰਦ ਤੋਂ ਪਿੰਡ ਮਾਖੋਵਾਲ ਵਿਖੇ ਜ਼ਮੀਨ ਮੁੱਲ ਲੈ ਕੇ ਸੰਨ ੧੬੬੫ ਈ: ਵਿਚ ਅਨੰਦਪੁਰ ਸਾਹਿਬ ਵਸਾਇਆ । ਆਪ ਜੀ ਨੇ ਲੋਕਾਂ ਅੰਦਰ ਸਹਿਮ ਖ਼ਤਮ ਕਰਨ ਲਈ ਅਤੇ ਅਣਖ ਦੀ ਜ਼ਿੰਦਗੀ ਜੀਉਣ ਦੀ ਪ੍ਰੇਰਨਾ ਦੇਣ ਲਈ ਉੱਤਰ - ਪੂਰਬੀ ਭਾਰਤ ਦਾ ਦੌਰਾ ਆਰੰਭ ਕੀਤਾ । ਆਪ ਜੀ ਬੰਗਾਲ, ਆਸਾਮ ਅਤੇ ਹੋਰ ਕਈ ਥਾਵਾਂ ਤੇ ਗਏ, ਜਿਥੇ ਗੁਰੂ ਨਾਨਕ ਸਾਹਿਬ ਵੀ ਗਏ ਸਨ । ਆਪ ਜੀ ਨੇ ਆਮ ਆਦਮੀ ਦੀ ਭਲਾਈ ਵਾਸਤੇ ਕੰਮ ਕੀਤੇ । ਆਪ ਜੀ ਨੇ ਲੋਕਾਂ ਨੂੰ ਗੁਰਮਤਿ ਦ੍ਰਿੜ ਕਰਵਾਈ, ਉਨ੍ਹਾਂ ਨੂੰ ਭਾਈਚਾਰਾ, ਸਤਿਸੰਗਤ, ਮਿਹਨਤ, ਦਸਵੰਦ ਨਾਲ ਜੀਵਨ ਜੀਉਣਾ ਸਿਖਾਇਆ ਅਤੇ ਇਕ ਅਕਾਲ ਪੁਰਖ ਨੂੰ ਹਮੇਸ਼ਾਂ ਯਾਦ ਰਖਣ ਦਾ ਉਪਦੇਸ਼ ਦਿਤਾ । ਆਸਾਮ ਵਿਚ ਆਪ ਜੀ ਨੇ ਔਰੰਗਜ਼ੇਬ ਦੇ ਭੇਜੇ ਹੋਏ ਰਾਜਾ ਰਾਮ ਸਿੰਘ ਜੈਪੁਰੀਏ ਅਤੇ ਅਹੋਮੀ ਕਬੀਲੇ ਦੇ ਸਰਦਾਰ ਰਾਜਾ ਚੱਕ੍ਰ ਧ੍ਵਜ ਦੀ ਸੁਲਾਹ, ਬਿਨ੍ਹਾਂ ਕਿਸੇ ਖ਼ੂਨ-ਖ਼ਰਾਬੇ ਦੇ ਕਰਵਾਈ ।

ਆਸਾਮ ਤੋਂ ਆਪ ਜੀ ਵਾਪਸ ਪੰਜਾਬ ਵੱਲ ਪਰਤ ਪਏ, ਕਿਉਂਕਿ ਲੋਕ, ਔਰੰਗਜ਼ੇਬ ਦੇ ਨਵੇਂ ਹੁਕਮਾਂ ਅਨੁਸਾਰ ਹੋ ਰਹੇ ਜ਼ੁਲਮਾਂ ਕਾਰਨ ਕੁਰਲਾ ਰਹੇ ਸਨ । ਉਹ ਤਲਵਾਰ ਦੇ ਜ਼ੋਰ ਤੇ ਹਿੰਦੂਆਂ (ਖ਼ਾਸ ਤੌਰ ਤੇ ਕਸ਼ਮੀਰੀ ਪੰਡਤਾਂ ) ਨੂੰ ਮੁਸਲਮਾਨ ਬਣਾ ਰਿਹਾ ਸੀ । ਆਪ ਪਟਨੇ ਆਏ, ਥੋੜ੍ਹਾ ਸਮਾਂ ਟਿਕ ਕੇ ਪਰਿਵਾਰ ਤੇ ਸਾਹਿਬਜ਼ਾਦੇ ਨੂੰ ਮਿਲ ਕੇ ਬਕਸਰ, ਬਨਾਰਸ, ਅਯੁਧਿਆ ਆਦਿ ਹੁੰਦੇ ਹੋਏ, ਸੰਨ ੧੬੭੦ ਵਿੱਚ ਅਨੰਦਪੁਰ ਪੁੱਜ ਗਏ । ਥੋੜੇ ਚਿਰ ਪਿਛੋਂ ਪਰਿਵਾਰ ਨੂੰ ਵੀ ਪਟਨੇ ਤੋਂ ਅਨੰਦਪੁਰ ਸਾਹਿਬ ਮੰਗਵਾ ਲਿਆ । ਗੁਰੂ ਸਾਹਿਬ ਨੇ ਬਾਲ ਗੋਬਿੰਦ ਰਾਇ (ਗੁਰੂ ਗੋਬਿੰਦ ਸਿੰਘ ਸਾਹਿਬ) ਨੂੰ ਇਥੇ ਹੀ ਆਉਂਦੇ ਖ਼ਤਰਿਆਂ ਤੇ ਹਾਲਾਤਾਂ ਤੋਂ ਜਾਣੂ ਕਰਵਾਇਆ, ਯੋਗ ਤਿਆਰੀ ਲਈ ਪ੍ਰਬੰਧ ਕੀਤਾ । ਕਸ਼ਮੀਰੀ ਪੰਡਿਤ ਕਿਰਪਾ ਰਾਮ ਜੀ ਵੀ ਇਥੇ ਹੀ ਗੁਰੂ ਸਾਹਿਬ ਕੋਲ ਆ ਕੇ ਫ਼ਰਿਯਾਦੀ ਹੋਏ ਤੇ ਸਹਾਇਤਾ ਲਈ ਤਰਲਾ ਕੀਤਾ । ਗੁਰੂ ਸਾਹਿਬ ਨੇ ਉਨ੍ਹਾਂ ਨੂੰ ਹੌਂਸਲਾ ਦਿੰਦੇ ਹੋਏ ਆਪ ਅਗਵਾਈ ਕਰਨ ਦਾ ਭਰੋਸਾ ਦਿਤਾ । ਕਸ਼ਮੀਰੀ ਪੰਡਤਾਂ ਨੇ ਹਕੂਮਤ ਤੱਕ ਇਹ ਸੁਨੇਹਾ ਭੇਜਿਆ ਕਿ "ਅਸੀਂ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਰਨ ਵਿਚ ਹਾਂ ਅਤੇ ਉਹ ਸਾਡੇ ਆਗੂ ਹਨ । ਤੁਸੀਂ ਸਾਨੂੰ ਆਪਣੇ ਦੀਨ ਵਿਚ ਸ਼ਾਮਿਲ ਕਰਨ ਬਾਰੇ ਉਹਨਾਂ ਨਾਲ ਗੱਲ ਕਰੋ, ਅਸੀਂ ਉਹਨਾਂ ਦੇ ਹੁਕਮ ਅਨੁਸਾਰ ਚਲਾਂਗੇ "। ਗੁਰੂ ਸਾਹਿਬ ਨੇ ਗੁਰਗੱਦੀ ਦੀ ਸੌਂਪਣਾਂ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਕਰ ਦਿੱਤੀ ਅਤੇ ਲੋਕਾਈ ਨੂੰ ਸਵੈਮਾਨ, ਅਣਖ ਤੇ ਗੈਰਤ ਵਾਲਾ ਜੀਵਨ ਜੀਊਣ ਦੀ ਪ੍ਰੇਰਨਾ ਦੇਣ ਲਈ ਦੌਰੇ ਤੇ ਨਿਕਲ ਪਏ, ਆਪ ਜੀ ਦੇ ਪ੍ਰਚਾਰ ਦਾ ਮੁਖ ਮਤੰਵ ਸੀ,

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬॥ (੧੪੨੭)

ਜਿਸ ਸਦਕਾ ਕਈ ਇਨਸਾਫ਼ ਪਸੰਦ ਮੁਸਲਮਾਨ ਵੀ ਸਿੱਖ ਸਜੇ । ਸੱਯਦ ਸੈਫ ਅਲੀ ਖਾਂ ਸੈਫਾਬਾਦ (ਅੱਜ ਬਹਾਦਰਗੜ੍ਹ, ਜ਼ਿਲ੍ਹਾ ਪਟਿਆਲਾ) ਤੇ ਮਹੁੰਮਦ ਬਖਸ਼ ਸਮਾਣਾ ਦੇ ਚੌਧਰੀ ਗੁਰੂ ਸਾਹਿਬ ਦੇ ਸ਼ਰਧਾਲੂ ਬਣੇ ।

ਜਰੂਰੀ ਬੇਨਤੀ:

ਜੇ ਆਪ ਜੀ ਕੋਲ ਇਸ ਦੀ ਪ੍ਰਿੰਟ ਕਾਪੀ ਹੈ ਤਾਂ ਇਸ ਨੂੰ ਆਦਰ ਸਤਿਕਾਰ ਨਾਲ ਰਖਣਾ, ਇਸ ਵਿਚ ਗੁਰਬਾਣੀ ਹੈ, ਕ੍ਰਿਪਾ ਕਰਕੇ ਇਸ ਨੂੰ ਫਾੜਨਾ - ਸੁਟਣਾ ਨਹੀ ।

ਔਰੰਗਜ਼ੇਬ ਪਾਸ ਹਸਨ ਅਬਦਾਲ ਵਿਖੇ ਸਾਰੀਆਂ ਖਬਰਾਂ ਪਹੁੰਚ ਰਹੀਆਂ ਸਨ । ਉਸਨੇ ਅਹਿਲਕਾਰਾਂ ਨੂੰ ਸੁਨੇਹਾ ਭੇਜਿਆ ਕਿ ਗੁਰੂ ਤੇਗ ਬਹਾਦਰ ਸਾਹਿਬ ਨੂੰ ਦੀਨ ਵਿਚ ਲਿਆਉਣ ਲਈ ਕੋਸ਼ਿਸ਼ਾਂ ਕਰੋ ਜੇ ਨਾ ਮਨੰਣ ਤਾਂ ਸ਼ਹੀਦ ਕਰ ਦਿੱਤੇ ਜਾਣ। ਦਿੱਲੀ ਵਿਚ ਅਹਿਲਕਾਰਾਂ ਤੇ ਕਾਜ਼ੀਆਂ ਨੇ ਅਜਿਹਾ ਹੀ ਕੀਤਾ । ਗੁਰੂ ਸਾਹਿਬ ਨੂੰ ਹਿਰਾਸਤ ਵਿਚ ਲੈ ਲਿਆ ਤੇ ਦਿੱਲੀ ਲਿਆਦਾਂ ਗਿਆ । ਆਪ ਜੀ ਦੇ ਨਾਲ ਉਸ ਸਮੇਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ, ਭਾਈ ਗੁਰਦਿੱਤਾ ਜੀ, ਭਾਈ ਊਦਾ ਜੀ, ਭਾਈ ਜੈਤਾ ਜੀ ਆਦਿ ਮੁਖੀ ਗੁਰਸਿੱਖ ਸਨ । ਗੁਰੂ ਸਾਹਿਬ ਨੇ ਭਾਈ ਗੁਰਦਿੱਤਾ ਜੀ, ਭਾਈ ਊਦਾ ਜੀ ਤੇ ਭਾਈ ਜੈਤਾ ਜੀ ਨੂੰ ਸਾਰੇ ਹਾਲਾਤ ਵਾਚਣ ਤੇ ਲੋੜੀਂਦੀ ਕਾਰਵਾਈ ਕਰਨ ਲਈ ਵੱਖ ਕਰ ਦਿੱਤਾ ਅਤੇ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਨੂੰ ਆਪਣੇ ਨਾਲ ਰੱਖ ਲਿਆ ।

ਦਿੱਲੀ ਵਿਚ ਕਾਜ਼ੀਆਂ ਨਾਲ ਧਾਰਮਿਕ ਬਹਿਸ ਹੋਈ ਜਿਸ ਵਿਚ ਕਾਜ਼ੀ ਗੁਰੂ ਸਾਹਿਬ ਦੀ ਤਾਬ ਨਹੀਂ ਝੱਲ ਸਕੇ, ਤਾਂ ਦੋ ਟੁੱਕ ਗੱਲ ਮੁਕਾਉਣ ਲਈ ਗੁਰੂ ਸਾਹਿਬ ਨੂੰ ਪਹਿਲੀ ਗੱਲ ਇਹ ਕਹੀ ਕਿ ਉਹ ਇਸਲਾਮ ਕਬੂਲ ਕਰ ਲੈਣ ਜਾਂ ਕਰਾਮਾਤ ਵਿਖਾਉਣ ਜਾਂ ਸੀਸ ਦੇਣ ਲਈ ਤਿਆਰ ਹੋ ਜਾਣ । ਗੁਰੂ ਸਾਹਿਬ ਨੇ ਕਿਹਾ ਧਰਮ ਛੱਡਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ ਤੇ ਕਰਾਮਾਤ ਵਿਖਾਉਣਾ ਪ੍ਰਭੂ ਦੇ ਸੇਵਕਾਂ ਨੂੰ ਸ਼ੋਭਦਾ ਨਹੀਂ । ਸੀਸ ਦੇਣ ਲਈ ਹੀ ਅਸੀਂ ਆਏ ਹਾਂ । ਹਕੂਮਤ ਨੇ ਗੁਰੂ ਸਾਹਿਬ ਨੂੰ **ਸ਼ਹੀਦ ਕਰਨ ਦਾ ਫਤਵਾ** ਦੇ ਦਿੱਤਾ । ਗੁਰੂ ਸਾਹਿਬ ਨੇ ਭਾਈ ਗੁਰਦਿੱਤਾ ਜੀ, ਜੋ ਬਾਬਾ ਬੁੱਢਾ ਜੀ ਦੀ ਸੰਤਾਨ ਵਿਚੋਂ ਸਨ, ਨੂੰ ਅਨੰਦਪੁਰ ਸਾਹਿਬ ਭੇਜ ਦਿੱਤਾ ।

ਹੁਣ ੧੧ ਨਵੰਬਰ ਸੰਨ ੧੬੭੫ ਈ: ਨੂੰ, ਗੁਰੂ ਤੇਗ ਬਹਾਦਰ ਸਾਹਿਬ ਨੂੰ ਡਰਾਉਣ ਦੀ ਖਾਤਰ ਚਾਂਦਨੀ ਚੌਂਕ ਵਿਚ ਫੁਹਾਰਾ ਚੌਂਕ ਤੇ ਗੁਰੂ ਸਾਹਿਬ ਦੇ ਸਾਹਮਣੇ ਭਾਈ ਮਤੀ ਦਾਸ ਜੀ ਨੂੰ ਦੋ ਥੰਮ੍ਹਾਂ ਵਿਚਕਾਰ ਬੰਨ੍ਹ ਕੇ ਆਰੇ ਨਾਲ ਚੀਰ ਕੇ ਦੋ ਫਾੜ ਕੀਤਾ । ਭਾਈ ਦਿਆਲਾ ਜੀ ਨੂੰ ਦੇਗ ਵਿਚ ਉਬਾਲੇ ਦੇ ਕੇ ਸ਼ਹੀਦ ਕੀਤਾ ਅਤੇ ਭਾਈ ਸਤੀ ਦਾਸ ਜੀ ਦੇ ਸਰੀਰ ਦੁਆਲੇ ਰੂੰ ਲਪੇਟ ਕੇ ਜਿਊਂਦਿਆਂ ਹੀ ਸਾੜ ਦਿੱਤਾ । ਇਨ੍ਹਾਂ ਗੁਰਸਿੱਖਾਂ ਨੇ ਮੂੰਹ ਤੋਂ ਅਕਾਲ ਪੁਰਖੁ ਦਾ ਨਾਮੁ ਯਾਦ ਕਰਦੇ ਹੋਏ ਆਪਣੇ ਸੁਆਸ ਤਿਆਗ ਦਿੱਤੇ । ਉਪਰੰਤ ਗੁਰੂ ਤੇਗ ਬਹਾਦਰ ਸਾਹਿਬ ਨੂੰ ਚਾਂਦਨੀ ਚੌਂਕ ਵਿਚ ਜਲਾਲੁਦੀਨ ਸਮਾਣੇ ਵਾਲੇ ਜੱਲਾਦ ਦੀ ਤਲਵਾਰ ਨਾਲ ਸ਼ਹੀਦ ਕਰ ਦਿੱਤਾ ਗਿਆ । ਜਿਸ ਥਾਂ ਇਹ ਸ਼ਹਾਦਤ ਹੋਈ ਉਸ ਥਾਂ ਤੇ ਭਾਈ ਬਘੇਲ ਸਿੰਘ ਜੀ ਨੇ ਗੁਰਦੁਆਰਾ ਸੀਸ ਗੰਜ ਸਾਹਿਬ (ਦਿੱਲੀ) ਬਣਵਾਇਆ।

ਭਾਈ ਜੈਤਾ ਜੀ ਤੇ ਭਾਈ ਊਦਾ ਜੀ ਨੇ ਭਾਈ ਲੱਖੀ ਸ਼ਾਹ ਵਣਜਾਰੇ, ਭਾਈ ਨਾਨੂੰ ਮੱਲ, ਮੱਖਣ ਸ਼ਾਹ ਲੁਬਾਣਾ ਆਦਿ ਨਾਲ ਸਲਾਹ ਮਸ਼ਵਰਾ ਕਰਕੇ ਗੁਰੂ ਸਾਹਿਬ ਦਾ ਧੜ ਅਤੇ ਸੀਸ ਸੰਭਾਲਣ ਬਾਰੇ ਵਿਉਂਤ ਬਣਾਈ । ਭਾਈ ਲੱਖੀ ਸ਼ਾਹ ਗੱਡੇ ਲੈ ਕੇ ਲਾਲ ਕਿਲ੍ਹੇ ਵਿਚ ਚੂਨਾਂ ਕਲੀ ਸੁੱਟ ਕੇ ਚਾਂਦਨੀ ਚੌਂਕ ਵਿਚੋਂ ਲੰਘਿਆ । ਮਿਥੇ ਪ੍ਰੋਗਰਾਮ ਅਨੁਸਾਰ ਭਾਈ ਊਦਾ ਜੀ ਨੇ ਜੋ ਮੁਸਲਮਾਨੀ ਭੇਸ ਵਿਚ ਸਨ, ਸਤਿਗੁਰੂ ਜੀ ਦਾ ਧੜ, ਗੱਡੇ ਵਿਚ ਰੱਖ ਲਿਆ, ਤਿੰਨ ਮੀਲ ਜਾ ਕੇ ਪਿੰਡ ਰਕਾਬ ਗੰਜ ਵਿਖੇ ਭਾਈ ਲੱਖੀ ਸ਼ਾਹ ਨੇ ਆਪਣੇ ਘਰ ਨੂੰ ਅੱਗ ਲਾ ਕੇ ਧੜ ਦਾ ਸਸਕਾਰ ਕਰ ਦਿੱਤਾ । ਇਥੇ ਅੱਜ ਗੁਰਦੁਆਰਾ ਰਕਾਬ ਗੰਜ ਸਾਹਿਬ ਸ਼ਸ਼ੋਭਿਤ ਹੈ ।

ਉਧਰ ਭਾਈ ਜੈਤਾ ਜੀ ਸੀਸ ਦੀ ਸੰਭਾਲ ਲਈ ਤਿਆਰ ਸਨ । ਉਨ੍ਹਾਂ ਨੇ ਮੌਕਾ ਲੱਗਣ ਤੇ ਗੁਰੂ ਸਾਹਿਬ ਦਾ ਪਵਿਤਰ ਸੀਸ ਚੁੱਕਿਆ ਤੇ ਸਿੱਧਾ ਅਨੰਦਪੁਰ ਸਾਹਿਬ ਵੱਲ ਵਾਹੋ ਦਾਹੀ ਤੁਰ ਪਏ, ਰਾਹ ਵਿੱਚ ਭਾਈ ਊਦਾ ਜੀ ਤੇ ਭਾਈ ਨਾਨੂੰ ਜੀ ਵੀ ਮਿਲ ਗਏ ਅਤੇ ਤਿੰਨੇ ਸਿੱਖ ਸੀਸ ਲੈ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਪਾਸ ਪਹੁੰਚੇ । ਗੁਰੂ ਸਾਹਿਬ ਨੇ ਗਲ ਨਾਲ ਲਾਇਆ ਤੇ ਭਾਈ ਜੈਤਾ ਜੀ ਅਤੇ ਭਾਈ ਊਦਾ ਜੀ ਨੂੰ **"ਰੰਘਰੇਟੇ ਗੁਰੂ ਕੇ ਬੇਟੇ"** ਕਹਿ ਕੇ ਸਨਮਾਨਿਆ । ਜਿਥੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਗੁਰੂ ਤੇਗ ਬਹਾਦਰ ਸਾਹਿਬ ਦੇ ਸੀਸ ਦਾ ਸਸਕਾਰ ਕੀਤਾ ਗਿਆ, ਉਥੇ ਅੱਜ ਗੁਰਦੁਆਰਾ ਸੀਸ ਗੰਜ ਸਾਹਿਬ (ਅਨੰਦਪੁਰ ਸਾਹਿਬ) ਸ਼ਸ਼ੋਭਿਤ ਹੈ ।

ਇਸ ਤਰ੍ਹਾਂ ਗੁਰੂ ਤੇਗ ਬਹਾਦਰ ਸਾਹਿਬ (ਨੌਵੇਂ ਨਾਨਕ) ਨੇ ਸਾਰੀ ਮਾਨਵਜਾਤੀ ਦੀ ਭਲਾਈ ਵਾਸਤੇ ਆਪਣੇ ਜੀਵਨ ਦਾ ਬਲੀਦਾਨ ਦੇ ਕੇ ਸਾਰਿਆਂ ਨੂੰ ਆਪਣੇ ਧਰਮ ਵਿਚ ਪਕਿਆਂ ਰਹਿਣ ਦਾ ਰਸਤਾ ਸਿਖਲਾਇਆ। ਉਨ੍ਹਾਂ ਨੇ ਮਾਨਵਤਾ ਵਾਸਤੇ ਕੁਰਬਾਨੀ ਦੇਣ ਦਾ ਜਜ਼ਬਾ ਸਿੱਖਾਂ ਵਿਚ ਭਰ ਦਿੱਤਾ । ਜੇ ਸਾਰੀ ਮਾਨਵਜਾਤੀ ਇਸ ਅਸੂਲ ਤੇ ਦ੍ਰਿੜ ਹੋ ਜਾਵੇ ਤਾਂ ਸੰਸਾਰ ਵਿਚੋਂ ਸਾਰੀ ਨਫ਼ਰਤ ਦੂਰ ਹੋ ਜਾਏਗੀ ਅਤੇ ਵਿਸ਼ਵ-ਸ਼ਾਂਤੀ ਸਹੀ ਅਰਥਾਂ ਵਿਚ ਹੋ ਜਾਏਗੀ । ਗੁਰੂ ਗੋਬਿੰਦ ਸਿੰਘ ਸਾਹਿਬ ਦਾ ਆਪਣੇ ਪਰਿਵਾਰ ਵਿਚੋ, ਸਿੱਖ ਧਰਮ ਵਾਸਤੇ ਇਹ ਪਹਿਲਾ ਬਲੀਦਾਨ ਸੀ । ਗੁਰੂ ਗੋਬਿੰਦ ਸਿੰਘ ਸਾਹਿਬ ਨੇ ਗੁਰੂ ਤੇਗ ਬਹਾਦਰ ਸਾਹਿਬ ਦੇ ਬਲੀਦਾਨ ਬਾਰੇ ਲਿਖਿਆ ਹੈ

**" ਧਰਮ ਹੇਤਿ ਸਾਕਾ ਜਿਨ ਕੀਆ ਸੀਸ ਦਿਆ ਪਰ ਸਿਰਰ ਨ ਦੀਆ"**

ਜਰੂਰੀ ਬੇਨਤੀ:

ਜੇ ਆਪ ਜੀ ਕੋਲ ਇਸ ਦੀ ਪ੍ਰਿੰਟ ਕਾਪੀ ਹੈ ਤਾਂ ਇਸ ਨੂੰ ਆਦਰ ਸਤਿਕਾਰ ਨਾਲ ਰਖਨਾ, ਇਸ ਵਿਚ ਗੁਰਬਾਣੀ ਹੈ, ਕ੍ਰਿਪਾ ਕਰਕੇ ਇਸ ਨੂੰ ਫਾੜਨਾ - ਸੁਟਣਾ ਨਹੀ ।

ਰਾਗੁ ਗੋਂਡ ਬਾਣੀ ਨਾਮਦੇਉ ਜੀ ਕੀ ਘਰੁ ੧

ੴ ਸਤਿਗੁਰ ਪ੍ਰਸਾਦਿ ॥

ਅਸੁਮੇਧ ਜਗਨੇ ॥ ਤੁਲਾ ਪੁਰਖ ਦਾਨੇ ॥ ਪ੍ਰਾਗ ਇਸਨਾਨੇ ॥੧॥

ਤਉ ਨ ਪੁਜਹਿ ਹਰਿ ਕੀਰਤਿ ਨਾਮਾ ॥ ਅਪੁਨੇ ਰਾਮਹਿ ਭਜੁ ਰੇ ਮਨ ਆਲਸੀਆ ॥੧॥ ਰਹਾਉ ॥

ਗਇਆ ਪਿੰਡੁ ਭਰਤਾ ॥ ਬਨਾਰਸਿ ਅਸਿ ਬਸਤਾ ॥ ਮੁਖਿ ਬੇਦ ਚਤੁਰ ਪੜਤਾ ॥੨॥

ਸਗਲ ਧਰਮ ਅਛਿਤਾ ॥ ਗੁਰ ਗਿਆਨ ਇੰਦ੍ਰੀ ਦ੍ਰਿੜਤਾ ॥ ਖਟੁ ਕਰਮ ਸਹਿਤ ਰਹਤਾ ॥੩॥

ਸਿਵਾ ਸਕਤਿ ਸੰਬਾਦੰ ॥ ਮਨ ਛੋਡਿ ਛੋਡਿ ਸਗਲ ਭੇਦੰ ॥

ਸਿਮਰਿ ਸਿਮਰਿ ਗੋਬਿੰਦੰ ॥ ਭਜੁ ਨਾਮਾ ਤਰਸਿ ਭਵ ਸਿੰਧੰ ॥੪॥੧॥

(ਅੰਗ ੮੭੩)

ਅਰਥ:

ਜੇ ਕੋਈ ਮਨੁੱਖ ਅਸਮੇਧ ਜੱਗ ਕਰੇ, ਆਪਣੇ ਨਾਲ ਸਾਵਾਂ ਤੋਲ ਕੇ (ਸੋਨਾ ਚਾਂਦੀ ਆਦਿਕ) ਦਾਨ ਕਰੇ ਅਤੇ ਪ੍ਰਾਗ ਆਦਿਕ ਤੀਰਥਾਂ ਤੇ ਇਸ਼ਨਾਨ ਕਰੇ ।੧।

ਤਾਂ ਭੀ ਇਹ ਸਾਰੇ ਕੰਮ ਪ੍ਰਭੂ ਦੇ ਨਾਮ ਦੀ, ਪ੍ਰਭੂ ਦੀ ਸਿਫਤ-ਸਲਾਹ ਦੀ ਬਰਾਬਰੀ ਨਹੀਂ ਕਰ ਸਕਦੇ। ਸੋ, ਹੇ ਮੇਰੇ ਆਲਸੀ ਮਨ! ਆਪਣੇ ਪਿਆਰੇ ਪ੍ਰਭੂ ਨੂੰ ਸਿਮਰ ।੧। ਰਹਾਉ।

ਜੇ ਮਨੁੱਖ ਗਇਆ ਤੀਰਥ ਤੇ ਜਾ ਕੇ ਪਿਤਰਾਂ ਨਿਮਿੱਤ ਭਰਾਏ, ਜੇ ਕਾਂਸ਼ੀ ਦੇ ਨਾਲ ਵਗਦੀ ਅਸਿ ਨਦੀ ਦੇ ਕੰਢੇ ਰਹਿੰਦਾ ਹੋਵੇ, ਜੇ ਮੂੰਹੋਂ ਚਾਰੇ ਵੇਦ (ਜ਼ਬਾਨੀ) ਪੜ੍ਹਦਾ ਹੋਵੇ ।੨।

ਜੇ ਮਨੁੱਖ ਸਾਰੇ ਕਰਮ ਧਰਮ ਕਰਦਾ ਹੋਵੇ, ਆਪਣੇ ਗੁਰੂ ਦੀ ਸਿੱਖਿਆ ਲੈ ਕੇ ਇੰਦ੍ਰੀਆਂ ਨੂੰ ਕਾਬੂ ਵਿਚ ਰੱਖਦਾ ਹੋਵੇ, ਜੇ ਬ੍ਰਾਹਮਣਾਂ ਵਾਲੇ ਛੇ ਹੀ ਕਰਮ ਸਦਾ ਕਰਦਾ ਰਹੇ ।੩।

ਸ਼ਿਵ, ਸ਼ਕਤੀ, ਰਾਮਾਇਣ (ਆਦਿਕ) ਦਾ ਕੇਵਲ ਪਾਠ ਰਟਨ, ਹੇ ਮੇਰੇ ਮਨ! ਇਹ ਸਾਰੇ ਫੋਕਟ ਕਰਮ ਛੱਡ ਦੇਹ, ਛੱਡ ਦੇਹ, ਇਹ ਸਭ ਪ੍ਰਭੂ ਨਾਲੋਂ ਵਿੱਥ ਪਾਣ ਵਾਲੇ ਹੀ ਹਨ। ਹੇ ਨਾਮਦੇਵ! ਗੋਬਿੰਦ ਦਾ ਭਜਨ ਕਰ, (ਪ੍ਰਭੂ ਦਾ) ਨਾਮ ਸਿਮਰ (ਭਾਵ ਪ੍ਰਭੂ ਦੀ ਰਜ਼ਾ ਵਿਚ ਜੀਵਨ ਜੀਉਣਾ), (ਨਾਮ ਸਿਮਰਿਆਂ ਹੀ) ਸੰਸਾਰ-ਸਮੁੰਦਰ ਤੋਂ ਪਾਰ ਲੰਘੇਂਗਾ ।੪।੧।

# ਸਰਗਰਮੀਆਂ

## ਵੈਬਸਾਇਟ ਦੀ ਆਰੰਭਤਾ

## www.gurmatstudy.com

ਇਕ ਅਕਾਲ ਪੁਰਖ ਦੇ ਮਿਹਰ ਅਤੇ ਸੰਗਤਾਂ ਦੇ ਸਹਯੋਗ ਸਦਕਾ, ਗੁਰਮਤਿ ਸਟੱਡੀ, ਲਗਭਗ ਪਿਛਲੇ ਇਕ ਸਾਲ ਵਿੱਚ, ਇਕ ਸਾਧਾਰਣ ਵੈਬ-ਬੇਸਡ, ਈ-ਮੇਲ ਰਾਹੀਂ ਕੇਵਲ ਗੁਰਪੁਰਬ ਦਿਹਾੜੇ ਦੀ ਜਾਣਕਾਰੀ, ਸੀਮਿਤ ਸੰਗਤਾਂ ਤਕ ਪਹੁਚਾਣ ਤੋਂ ਸ਼ੁਰੂਆਤ ਕਰਣ ਤੋਂ ਬਹੁਤ ਅੱਗੇ ਆ ਗਿਆ ਹੈ ।

ਵਾਹਿਗੁਰੂ ਜੀ ਦੀ ਅਪਾਰ ਬਖ਼ਸ਼ਿਸ਼ ਸਦਕਾ ਗੁਰਮਤਿ ਸਟੱਡੀ ਆਪਣੀ ਵੈਬਸਾਇਟ (www.gurmatstudy.com) ਦੀ ਸ਼ੁਰੂਆਤ ਕਰ ਰਿਹਾ ਹੈ। ਮੈਂਬਰਾਂ ਦੇ ਉਤਸਾਹ ਭਰੇ ਹੁੰਗਾਰੇ ਸਾਨੂੰ ਇਸ ਨੂੰ ਹੋਰ ਵਧਾਉਣ ਲਈ ਉਤਸ਼ਾਹਿਤ ਕਰਦੇ ਰਹਿੰਦੇ ਹਨ ।ਸੰਸਾਰ ਦੇ ਵੱਖ ਵੱਖ ਦੇਸ਼ਾਂ ਵਿਚ ਵੇਖੇ ਜਾਣ ਨਾਲ ਹੁਣ ਗੁਰਮਤਿ ਸਟੱਡੀ ਨੇ ਇਕ ਅੰਤਰ-ਰਾਸ਼ਟਰੀ ਪਹਿਚਾਨ ਬਣਾ ਲਈ ਹੈ।

ਇਸ ਵੈਬਸਾਇਟ ਵਿਚ ਹੁਣ ਤੱਕ ਹੇਠ ਲਿਖੇ ਵਿਸ਼ੇ ਸੰਗਤਾਂ ਵਾਸਤੇ ਪੇਸ਼ ਹਨ :

- ਮਾਸਿਕ ਈ-ਜ਼ਾਇਨ
- ਗੁਰਪੁਰਬ ਦਿਹਾੜੇ ਦੀ ਜਾਣਕਾਰੀ
- ਜ਼ਰੂਰੀ ਜਾਣਕਾਰੀ
- ਸਿੱਖ ਰਹਿਤ ਮਰਿਯਾਦਾ
- ਸਿੱਖ ਸਮਾਚਾਰ
- ਮਿਡੀਆ ਤੇ ਨਜ਼ਰ
- ਤਸਵੀਰਾਂ ਦਾ ਖਜਾਨਾ
- ਸਿੱਖ ਇਤਿਹਾਸ
- ਗੁਰਬਾਣੀ ਵਿਚਾਰ




ਜਿਵੇਂ ਕਿ ਆਪ ਸਾਰੇ ਜਾਣਦੇ ਹੋ, ਇਹ ਇੱਕ ਗੰਭੀਰ ਕਾਰਜ ਹੈ, ਅਸੀਂ ਆਪ ਜੀ ਅੱਗੇ ਬੇਨਤੀ ਕਰਦੇ ਹਾਂ ਕਿ ਪੰਥ ਦੇ ਇਸ ਕਾਰਜ ਵਿੱਚ ਆਪ ਸਾਰੇ ਆਪਣਾ ਹਿੱਸਾ ਪਾ ਕੇ ਇਸ ਨੂੰ ਸੁਚਜੇ ਤੇ ਮੁਕੰਮਲ ਤੌਰ ਤੇ ਨਿਭਾਉਣ ਦਾ ਜਤਨ ਕਰੋ ।ਇਹ ਸੇਵਾ ਮਾਇਆ ਭੇਜਣ ਤੋ ਇਲਾਵਾ, ਅੰਗਰੇਜੀ ਤੇ ਗੁਰਮੁਖੀ ਟਾਇਪਿੰਗ, ਪਰੂਫ ਰੀਡਿੰਗ (ਪਰਖ਼), ਵੈਬਸਾਇਟ ਡਿਸਾਇਨ, ਵੈਬਸਾਇਟ ਪ੍ਰਮੋਸ਼ਨ ਆਦਿ ਕਿਸੇ ਵੀ ਤਰੀਕੇ ਰਾਹੀਂ ਕੀਤੀ ਜਾ ਸਕਦੀ ਹੈ । ਆਪ ਆਪਣੇ ਵਿਚਾਰ, ਸੁਝਾਵ ਤੇ ਹੁਨਰ ਲਿਖ ਕੇ ਭੇਜਣ ਦੀ ਕਿਰਪਾਲਤਾ ਕਰਣੀ ਤਾਂ ਜੋ ਅਸੀ ਸਾਰੇ ਮਿਲਕੇ ਇਸ ਕਾਰਜ ਨੂੰ ਸਫਲ ਬਣਾ ਸਕਾਂਗੇ ।

ਵੈਬਸਾਇਟ ਹਮੇਸ਼ਾ ਨਵੀਆਂ ਖਬਰਾਂ / ਲੇਖਾਂ ਨਾਲ ਤਬਦੀਲ ਕੀਤੀ ਜਾਂਦੀ ਹੈ । ਆਪ ਜੀ ਆਪਣੇ ਵਿਚਾਰ ਤੇ ਸੁਝਾਵ ਸਾਨੂੰ **info@gurmatstudy.com** ਤੇ ਜਰੂਰ ਭੇਜੋ।

....... ਮੀਲਾਂ ਦਾ ਸਫ਼ਰ ......

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਫਤਿਹ,

ਪੰਥ ਦੇ ਦਾਸਰੇ,

ਗੁਰਮਤਿ ਸਟੱਡੀ ਟੀਮ

ਅਸੀਂ ਸਾਰੇ ਮੈਂਬਰ ਅਤੇ ਇਸ ਈ-ਜ਼ਾਇਨ ਨੂੰ ਪੜਨ ਵਾਲਿਆਂ ਪਾਸੋ ਵਿਚਾਰ, ਸੁਝਾਵ ਅਤੇ ਰਾਇ ਪ੍ਰਾਪਤ ਕਰਨਾ ਚਾਹੁੰਦੇ ਹਾਂ। ਜੇ ਆਪ ਜੀ ਨੂੰ ਇਹ ਈ-ਜ਼ਾਇਨ ਪਸੰਦ ਆਈ ਹੈ ਤਾਂ ਇਸ ਨੂੰ ਆਪਣੇ ਕੋਲ ਸੀਮਿਤ ਨਾ ਰਖ ਕੇ, ਹੋਰਨਾਂ ਨੂੰ ਵੀ ਭੇਜੋ। ਤੁਹਾਨੂੰ ਜੇ ਈ-ਜ਼ਾਇਨ ਕਿਸੇ ਰਾਹੀਂ ਪ੍ਰਾਪਤ ਹੋਈ ਹੈ ਤਾਂ ਤੁਸੀਂ gurmatstudy@gmail.com ਨੂੰ ਈ-ਮੇਲ ਲਿਖ ਕੇ ਇਸ ਦੇ ਮੈਂਬਰ ਬਣ ਸਕਦੇ ਹੋ ਤੇ ਹਰ ਮਹੀਨੇ ਇਸਦੀ ਕਾਪੀ ਈ-ਮੇਲ ਵਿਚ ਮੰਗਾ ਸਕਦੇ ਹੋ।

***www.gurmatstudy.com ਵੈਬਸਾਇਟ ਵਿਚ ਜ਼ਰੂਰ ਹਾਜਰੀ ਭਰੋ ਜੀ ।***

## ਜਰੂਰੀ ਬੇਨਤੀ:

ਜੇ ਆਪ ਜੀ ਕੋਲ ਇਸ ਦੀ ਪ੍ਰਿੰਟ ਕਾਪੀ ਹੈ ਤਾਂ ਇਸ ਨੂੰ ਆਦਰ ਸਤਿਕਾਰ ਨਾਲ ਰਖਣਾ, ਇਸ ਵਿਚ ਗੁਰਬਾਣੀ ਹੈ, ਕ੍ਰਿਪਾ ਕਰਕੇ ਇਸ ਨੂੰ ਫਾੜਨਾ - ਸੁਟਣਾ ਨਹੀ ।